# ਕਾਦਰਯਾਰ ਦੇ ਪੂਰਨ ਦਾ ਜੋਗ

ਨਜਮ ਹੁਸੈਨ ਸਯਦ

ਅੱਜ ਦੇ ਇਆਣੇ ਜਿਹੜੀਆਂ ਕਹਾਣੀਆਂ ਪਛਾਣਦੇ ਨੇ ਉਹਨਾਂ ਵਿਚ ਪੂਰਨ ਦੀ ਕਹਾਣੀ ਨਹੀਂ ਆਉਂਦੀ। ਅੱਜ ਦੀਆਂ ਦਰਸਾਂ ਵਿਚ ਜਿਹੜੇ ਸ਼ਾਇਰ ਪਛਾਣੇ ਤੇ ਸਿਆਣੇ ਜਾਂਦੇ ਨੇ ਉਨ੍ਹਾਂ ਵਿਚ ਕਾਦਰਯਾਰ ਹੋਰੀਂ ਨਹੀਂ ਆਉਂਦੇ। ਏਸ ਵਜਹੂੰ ਅੱਜ ਪੂਰਨ ਤੇ ਕਾਦਰਯਾਰ ਦੀ ਗੱਲ ਛੇੜੀ ਏ ਤੇ ਪਹਿਲੋਂ ਚੇਤੇ ਦੀ ਕੁੰਡੀ ਖੜਕਾਉਣੀ ਪੈਂਦੀ ਏ। (ਅਗੇਰੇ ਜੇਹੇ ਜਾ ਕੇ ਤੁਸੀਂ ਇਹ ਵੀ ਵੇਖ ਲਿਉ ਪਈ ਅੱਜ ਦੀਆਂ ਜਾਣੀਆਂ ਪਛਾਣੀਆਂ ਤੇ ਮੰਨੀਆਂ ਪ੍ਰਵੰਨੀਆਂ ਗੱਲਾਂ ਨੂੰ ਇੰਝ ਚੇਤੇ ਦੇ ਮੂੰਹ ਕਰਾਵਣ ਵਿਚ ਰਮਜ਼ ਕੀ ਸੀ)।
ਜਦੋਂ ਗੁਜਰਾਂਵਾਲੇ ਵਾਲੇ ਕਾਦਰਯਾਰ ਹੋਰਾਂ (ਲਗ ਪਗ 1800 ਈਸਵੀਂ ਤੋਂ 1850 ਈਸਵੀਂ ਤਾਈਂ) ਪੂਰਨ ਭਗਤ ਦਾ ਕਿੱਸਾ ਜੋੜਿਆਂ ਤਦੋਂ ਪੂਰਨ ਦੀ ਕਹਾਣੀ ਚਿਰੋਕਣੀ ਸੁਣਨ ਸੁਣਾਉਣ ਵਿਚ ਪਈ ਆਂਵਦੀ ਸੀ। ਤੇ ਫੇਰ ਕਾਦਰਯਾਰ ਹੋਰਾਂ ਹੋਰ ਵੀ ਚੋਖੇ ਕਿੱਸੇ ਜੋੜੇ ਪਰ ਏਸ ਕਹਾਣੀ ਦਾ ਉਹਨਾਂ ਦੇ ਨਾਲ ਅਜਿਹਾ ਜੋੜ ਜੁੜਿਆ ਪਈ ਜਦ ਸਮੇਂ ਨੇ ਇਕ ਨੂੰ ਵਿਸਾਰਿਆ ਤੇ ਦੋਵੇਂ ਵਿਸਰ ਗਏ ਤੇ ਜੇ ਇਕ ਨੂੰ ਚੇਤਾ ਸੱਦੇ ਤੇ ਦੂਜਾ ਆਪੇ ਈ ਸਾਹਮਣੇ ਹੋ ਜਾਂਦਾ ਏ।

ਪੂਰਨ ਦੀ ਜਿੰਨੀ ਕਹਾਣੀ ਗਿਆਂ ਸਮਿਆਂ ਵਿਚ ਇਆਣੇ ਸੁਣਦੇ ਸੁਣਾਉਂਦੇ ਸਨ ਉਹ ਏਨੀ ਸੀ ਪਈ ਸਿਆਲਕੋਟ ਦੇ ਰਾਜੇ ਸਲਵਾਨ ਦੇ ਘਰ ਦੋ ਰਾਣੀਆਂ ਸਨ-ਵੱਡੀ ਇੱਛਰਾ ਤੇ ਨਿੱਕੀ ਲੂਣਾਂ। ਇੱਛਰਾ ਵਿਚੋਂ ਪੂਰਨ ਜੰਮਿਆ। ਪਰ ਪੰਡਤਾਂ ਆਖਿਆ, "ਰਾਜਾ ਜੀ, ਜੇ ਭਲਾ ਲੋੜਦੇ ਓ ਤੇ ਬਾਰ੍ਹਾਂ ਵਰ੍ਹੇ ਏਸ ਬਾਲ ਦੇ ਮੱਥੇ ਨਾ ਲਗਿਓ।" ਰਾਜੇ ਡਰਦਿਆਂ ਤਰਸੇਵੇਂ ਦਾ ਪੁੱਤਰ ਭੋਰੇ ਪਾ ਦਿੱਤਾ। ਪੂਰਨ ਭੋਰੇ ਵਿਚ ਈ ਪਲਿਆ ਤੇ ਬਾਰ੍ਹੀਂ ਵਰ੍ਹੀਂ ਭੋਰਿਓਂ ਨਿਕਲ ਕੇ ਮਾਪਿਆਂ ਨੂੰ ਮਿਲਣ ਆਇਆ। ਜਦ ਓਸ ਮਤ੍ਰੇਈ ਮਾਂ ਦੇ ਮਹਿਲ ਵਿਚ ਪੈਰ ਪਾਇਆ ਤੇ ਲੂਣਾਂ ਰਾਣੀ ਵੇਖਦਿਆਂ ਈ ਦਿਲ ਹੱਥੋਂ ਛੱਡ ਬੈਠੀ। ਫੇਰ ਸੌ ਖੇਖਣ ਓਸ ਕੀਤੇ ਪਈ ਪੂਰਨ ਉਹਦੇ ਦਿਲ ਦੀ ਗੱਲ ਮੰਨ ਜਾਵੇ ਪਰ ਪੂਰਨ ਧਰਮ ਦੇ ਪਹਿਰਿਉਂ ਨਾ ਈ ਥਿਵਕਿਆ। ਲੂਣਾਂ ਰਾਣੀ ਸਲਵਾਨ ਅੱਗੇ ਜਾ ਕੁਫਰ ਤੋਲਿਆ ਪਈ ਤੇਰੇ ਸਾਊ ਪੁੱਤਰ ਮੈਨੂੰ ਮੰਦੀ ਅੱਖ ਨਾਲ ਵੇਖਿਆ ਈ। ਰਾਜੇ ਏਨੀ ਸੁਣ ਕੇ ਪੁੱਤਰ ਦੀਆਂ ਲੱਤਾਂ ਬਾਹਵਾਂ ਵਢਾ ਦਿੱਤੀਆਂ ਤੇ ਉਹਨੂੰ ਅੰਨ੍ਹੇ ਖੂਹ ਵਿਚ ਜਾ ਸੁੱਟਿਆ। ਬਾਰਾਂ ਵਰ੍ਹਿਆਂ ਪਿਛੋਂ ਰੱਬ ਦੀ ਕਰਨੀ ਓਸ ਖੂਹ ਤੇ ਜਗਤ ਗੁਰੂ ਗੋਰਖ ਨਾਥ ਹੋਰਾਂ ਉਤਾਰਾ ਕੀਤਾ। ਤੇ ਉਹਨਾਂ ਪੂਰਨ ਦੇ ਕਰ-ਪੈਰ ਸੰਵਾਰ ਕੇ ਉਹਨੂੰ ਜੋਗ ਦੇ ਦਿੱਤਾ। ਫੇਰ ਇਕ ਹੋਰ ਸ਼ਹਿਰ ਦੀ ਰਾਣੀ ਰੁਗੂ ਅੱਗੇ ਹੱਥ ਜੋਵੇ ਪਈ ਪੂਰਨ ਮੈਨੂੰ ਚਾ ਬਖਸ਼ੋ। ਪੂਰਨ ਗੁਰੂ ਦਾ ਆਖਿਆ ਪਾਲਣ ਲਈ ਸੁੰਦਰਾਂ ਰਾਣੀ ਨਾਲ ਟੁਰ ਤੇ ਪਿਆ ਪਰ ਬਹੁਤਾ ਚਿਰ ਉਹਦੇ ਕੋਲ ਨਾ ਟਿਕ ਸਕਿਆ ਤੇ ਨੱਸ ਕੇ ਗੁਰੂ ਦੇ ਡੇਰੇ ਗਿਆ। ਇਹ ਦੁੱਖ ਸੁੰਦਰਾਂ ਨੂੰ ਲੈ ਲੱਥਾ ਤੇ ਉਹ ਮਹਿਲ ਤੈਂ ਛਾਲ ਮਾਰ ਕੇ ਮਰ ਗਈ। ਗੁਰਾਂ ਹੋਰਾਂ ਨੂੰ ਏਸ ਗੱਲ ਤੇ ਬੜੀ ਚਿੰਤਾ ਲੱਗੀ। ਫੇਰ ਉਹਨਾਂ ਕੁਝ ਸੋਚ ਸਮਝ ਕੇ ਪੂਰਨ ਨੂੰ ਸਿਅਲਕੋਟ ਵੱਲ ਟੋਰਿਆ ਪਈ ਜਾ ਮਾਪਿਆਂ ਨੂੰ ਮਿਲ। ਪੂਰਨ ਜਾ ਕੇ ਆਪਣੇ ਲਾਖੇ ਬਾਗ ਵਿਚ ਡੇਰਾ ਲਾਇਆ ਤੇ ਬਾਰਾਂ ਵਰ੍ਹਿਆਂ ਦਾ ਉਜੜਿਆ ਬਾਗ ਮੁੜ ਹਰਿਆ ਗਿਆ। ਇਹ ਜ਼ਾਹਰ ਕਰਾਮਾਤ ਵੇਖਣ ਲਈ ਸਾਰਾ ਸ਼ਹਿਰ ਹੁੰਮ ਹੁੰਮਾ ਕੇ ਆਇਆ। ਰਾਜਾ ਸਲਵਾਨ ਤੇ ਰਾਣੀ ਲੂਣਾ ਵੀ ਆਏ ਤੇ ਰਾਣੀ ਇੱਛਰਾਂ ਵੀ ਆਈ। ਅੰਨ੍ਹੀ ਇੱਛਰਾਂ ਪੂਰਨ ਨੂੰ ਆਵਾਜ਼ੋਂ ਸਿਆਣ ਲਿਆ ਤੇ ਉਹਦੀਆਂ ਅੱਖਾਂ ਵਿਚ ਮੁੜ ਚਾਨਣ ਲੱਗ ਪਿਆ। ਸਲਵਾਨ ਤੇ ਲੂਣਾਂ ਆਪਣੇ ਕੀਤੇ ਨੂੰ ਪਛੋਤਾਏ। ਜੋਗੀ ਲੂਣਾਂ ਦਾ ਕਸੂਰ ਬਖਸ਼ਿਆ ਤੇ ਉਹਨੂੰ ਇਕ ਚੌਲ ਦਾ ਦਾਣਾ ਫੂਕ ਕੇ ਦਿੱਤਾ ਪਈ ਜਾਹ ਤੇਰੇ ਘਰ ਇਕ ਪੁੱਤਰ ਜੰਮਸੀ। ਇਹ ਪੁੱਤਰ ਵੱਡਾ ਹੋ ਕੇ ਰਸਾਲੂ ਬਣਿਆ। ਰਾਜੇ ਫੇਰ ਜ਼ੋਰ ਮਾਰਿਆ ਪਈ ਪੂਰਨ ਰਾਜ ਮਹਿਲੀਂ ਚਲ ਰਵ੍ਹੇ ਪਰ ਜੋਗੀ ਨਾ ਮੰਨਿਆ ਤੇ ਮੁੜ ਗੁਰੂ ਦੇ ਟਿੱਲੇ ਪਰਤ ਗਿਆ।

ਕਾਦਰਯਾਰ ਹੋਰੀਂ ਜਦ ਕਿੱਸਾ ਪੂਰਨ ਭਗਤ ਲਿਖਣ ਬੈਠੇ ਤੇ ਉਹਨਾਂ ਨੂੰ ਪਤਾ ਸੀ ਪਈ ਜਣਾ ਖਣਾ ਏਸ ਕਹਾਣੀਂ ਨੂੰ ਜਾਣਦਾ ਏ। ਉਹਨਾਂ ਨੂੰ ਇਹ ਵੀ ਪਤਾ ਸੀ ਪਈ ਲੋਕ ਅਜਿਹੀਆਂ ਕਹਾਣੀਆਂ ਦਿਆਂ ਪੜਦਿਆਂ ਵਿਚੋਂ ਆਪਣੇ ਜੀਵਨ ਦੀਆਂ ਰਮਜ਼ਾਂ ਵੀ ਸਿਆਣਦੇ ਨੇ। ਏਸੇ ਕਰਕੇ ਉਹਨਾਂ ਆਪਣੀ ਨਜ਼ਮ ਕਹਾਣੀ ਦੇ ਪੜਦੇ ਖੋਲ੍ਹ ਖੋਲ੍ਹ ਕੇ ਲੋਕਾਂ ਨੂੰ ਨਹੀਂ ਵਿਖਾਏ। ਬੱਸ ਆਪਣੀ ਅਟਕਲ ਨਾਲ ਇਹਨਾਂ ਪੜਦਿਆਂ ਵੱਲ ਅਜਿਹੀਆਂ ਸੈਨਤਾਂ ਮਾਰੀਆਂ ਪਈ ਵੇਖਣ ਵਾਲਾ ਜੇ ਸੁਜਾਖਾ ਹੋਵੇ ਤੇ ਭਾਵੇਂ ਸਾਰੀ ਹਯਾਤੀ ਪਿਆ ਵੇਖੇ ਉਹਦੀ ਰੀਝ ਨਾ ਲੱਥੇ। ਕਿੱਸੇ ਵਿਚ ਕਿਧਰੇ ਵੀ ਉਹ ਖਲੋ ਕੇ ਗੱਲ ਲਮਕਾਉਂਦੇ ਨਹੀਂ। ਉਹਨਾਂ ਦੀ ਨਜ਼ਮ ਵਿਚ ਨਾਟਕ ਦੀਆਂ ਝਾਕੀਆਂ ਇਕ ਦੂਜੇ ਵਿਚ ਪਰੁੱਤੀਆਂ ਅੱਖਾਂ ਅੱਗੋਂ ਲੰਘ ਜਾਂਦੀਆਂ ਨੇ ਤੇ ਗੁੱਝੀਆਂ ਰਮਜ਼ਾਂ ਨਾਲ ਵੇਖਣ ਵਾਲੇ ਨੂੰ ਸਚੇਤ ਕਰਦੀਆਂ ਜਾਂਦੀਆਂ ਨੇ।

ਕਹਾਣੀ ਦੀ ਨੀਂਹ ਪੂਰਨ ਤੇ ਲੂਣਾਂ ਦਾ ਵਿਦਕਰਾ ਏ। ਏਸ ਵਿਦਕਰੇ ਵਿਚ ਜਿਹੜਾ ਲਫ਼ਜ਼ ਬਹੁਤਾ ਵਰਤਿਆ ਗਿਆ ਏ ਉਹ ਏ 'ਮਾਂ'। ਇਹ ਵਿਦਕਰਾ ਅਸਲੋਂ ਹੈ ਈ ਏਸ ਲਫ਼ਜ਼ ਬਾਰੇ। ਲੂਣਾਂ ਦੀ ਸੋਚ ਵਿਚ ਏਸ ਲਫ਼ਜ਼ ਦਾ ਮਤਲਬ ਹੋਰ ਏ ਤੇ ਪੂਰਨ ਦੀ ਸੋਚ ਵਿਚ ਹੋਰ। ਪੂਰਨ ਧਰਮ ਦੀ ਲੀਹ ਨੂੰ ਜੀਵਨ ਦੀ ਟੋਰ ਦਾ ਠੁਕ ਸਮਝਦਾ ਏ। ਉਹਦੇ ਲਈ ਮਤ੍ਰੇਈ ਮਾਂ ਵੀ ਮਾਂ ਏ। ਪੂਰਨ ਜਦੋਂ ਲੂਣਾਂ ਦੇ ਮਹਿਲ ਵੱਲ ਆਂਵਦਾ ਏ ਤੇ ਉਹਦੇ ਹਰ ਪੈਰ ਤੇ ਉਤੇ ਮਾਪਿਆਂ ਦੇ ਆਦਰ ਮਾਣ ਤੇ ਮਾਂ ਦੇ ਦਰਜੇ ਦੇ ਖਿਆਲ ਦੀ ਪਕੜ ਨਜ਼ਰ ਆਂਵਦੀ ਏ। ਪਰ ਪੂਰਨ ਦੀ ਏਸ ਆਵਣੀ ਦੇ ਨਕਸ਼ੇ ਵਿਚ ਕਾਦਰਯਾਰ ਹੋਰੀਂ ਅੱਗੋਂ ਆਵਣ ਵਾਲੀਆਂ ਗੱਲਾਂ ਵੱਲ ਤੇ ਬੰਦੇ ਦੇ ਅੰਦਰੂਨੇ ਦਿਆਂ ਉਹਨਾਂ ਹਨ੍ਹੇਰ ਖਾਨਿਆਂ ਵੱਲ ਵੀ ਸੈਨਤ ਕਰਦੇ ਗਏ ਨੇ ਜਿਹੜੇ ਅੱਜੇ ਪੂਰਨ ਦੇ ਵੇਖਣ ਵਰਤਣ ਵਿਚ ਨਹੀਂ ਆਏ।

ਸ਼ੀਨ ਸ਼ਹਿਰ ਆਇਆ ਘਰ ਮਾਪਿਆਂ ਦੇ
ਪੂਰਨ ਪੁੱਛਦਾ ਨੌਕਰਾਂ ਚਾਕਰਾਂ ਨੂੰ।
ਜਿਸ ਜਾਇਆ ਓਸ ਦਾ ਮਾਣ ਵੱਡਾ
ਮੱਥਾ ਟੇਕਣਾ ਅਬਲਾਂ ਮਾਤਰਾਂ ਨੈ।

ਰਾਣੀ ਲੂਣਾਂ ਦੇ ਮਹਿਲ ਨੂੰ ਰਵਾਂ ਹੋਇਆ
ਅੰਦਰ ਜਾ ਵੜਿਆ ਪੁੱਤਰ ਖਾਤਰਾਂ ਨੂੰ।
ਕਾਦਰਯਾਰ ਬਹਾਲਕੇ ਨਫ਼ਰ ਪੁੱਛੇ
ਪੌੜੀ ਚੜ੍ਹਿਆ ਮਥਾ ਟੇਕਣ ਮਾਤਰਾਂ ਨੂੰ।

ਪਹਿਲੀਆਂ ਦੋ ਸਤਰਾਂ ਵਿਚੋਂ ਇਹ ਗੱਲ ਵੀ ਨਿਕਲਦੀ ਜੋ ਪਈ ਪੂਰਨ ਦੇ ਨਾਲ ਜਿਹੜੇ ਨੌਕਰ ਚਾਕਰ ਸਨ ਉਹਨਾਂ ਈ ਉਹਨੂੰ ਪਹਿਲਾਂ ਲੂਣਾਂ ਦੇ ਮਹਿਲ ਵੱਲ ਜਾਣ ਦੀ ਮੱਤ ਦਿੱਤੀ ਤੇ ਇਥੋਂ ਇਹ ਵੀ ਸ਼ੁਬ੍ਹਾ ਜੇਹਾ ਉਘੜਦਾ ਏ ਪਈ ਮਤੇ ਲੂਣਾਂ ਨੇ ਆਪ ਈ ਨੌਕਰਾਂ ਨੂੰ ਸਿਖਾ ਕੇ ਟੋਰਿਆ ਹੋਵੇ। ਪੂਰਨ ਨੂੰ ਏਸ ਗੱਲ ਦਾ ਕੋਈ ਭੇਦ ਨਹੀਂ। ਉਹ ਮਾਂ ਦੇ ਅਦਬ ਲਈ ਨੌਕਰਾਂ ਨੂੰ ਹੇਠਾਂ ਬਹਾਲ ਕੇ ਕੱਲਾ ਪੌੜੀ ਚੜ੍ਹਿਆ। ਪਰ ਏਸ ਕੱਲਿਆਂ ਪੌੜੀ ਚੜ੍ਹਣ ਵਿਚ ਇਹ ਰਮਜ਼ ਵੀ ਏ ਪਈ ਇਕ ਇਆਣਾ ਤੇ ਅਣਭੋਲ ਰੂਹ ਕੱਲਮ ਕੱਲਾ ਅੰਦਰੂਨੇ ਦੀਆਂ ਗੁੱਝੀਆਂ ਪੱਧਰਾਂ ਵੱਲ ਚੜ੍ਹੀ ਜਾਂਦਾ ਜੇ। ਪੂਰਨ ਦੀ ਮਾਪਿਆਂ ਬਾਰੇ ਅਣਭੋਲ ਸੋਚ ਤੇ ਉਹਦੇ ਨਾਲ ਅੱਗੋਂ ਵਰਤਣ ਵਾਲੀ ਹੋਣੀ ਦੋਵੇਂ ਏਸ ਅੱਧਵਾੜ ਵਿਚ ਪਏ ਲੱਭਦੇ ਨੇ ਪਈ:

ਅੰਦਰ ਜਾ ਵੜਿਆ ਪੁੱਤਰ ਖਾਤਰਾਂ ਨੂੰ

ਇਕ 'ਖਾਤਰਾਂ' ਦੇ ਲਫ਼ਜ਼ ਦੇ ਈ ਤਿੰਨ ਰੰਗ ਵੇਖੋ। ਇਕ ਤੇ ਉਹ ਖਾਤਰ ਜੀਹਦੀ ਆਸ ਲੈ ਕੇ ਪੂਰਨ ਮਾਂ ਲੂਣਾਂ ਦੇ ਮਹਿਲ ਵਿਚ ਵੜਿਆ ਦੂਜੀ ਉਹ ਖਾਤਰ ਜਿਹਦੀ ਲੂਣਾਂ ਆਉਂਦਿਆਂ ਈ ਸੁਲ੍ਹਾ ਮਾਰੀ, ਤੇ ਤੀਜੀ ਉਹ ਖਾਤਰ ਜਿਹੜੀ ਲੂਣਾਂ ਪਿਓ ਦੇ ਹੱਥੋਂ ਉਹਦੇ ਨਾਲ ਕਰਾਈ। ਮਹਿਲ ਦੇ ਅੰਦਰ ਜਿਹੜਾ ਵਿਦਕਰਾ ਮਾਂ ਦੇ ਦਰਜੇ ਬਾਰੇ ਤੁਰਦਾ ਏ ਉਹਦੇ ਵਿਚ ਪੂਰਨ ਆਪਣੇ ਸਿਰੜ ਉਤੇ ਅਟੱਲ ਏ ਤੇ ਲੂਣਾਂ ਆਪਣੀ ਹੱਠ ਉਤੇ। ਪੂਰਨ "ਧਰਮ-ਮਾਂ" ਵਾਲੇ ਰਿਸ਼ਤੇ ਦੀ ਗੱਲ ਕਰਦਾ ਏ ਤੇ ਅੱਗੋ ਲੂਣਾਂ ਠਿੱਠ ਕਰਦੀ ਏ ਤੇ ਆਖਸੀ ਏ ਪਈ ਜਣੇ ਜ਼ਨਾਨੀ ਦਾ ਤੇ ਮੂਲੋਂ ਇਕ ਈ ਸਾਕ ਹੋਂਦਾ ਏ, ਹੋਰ ਸਭ ਗੱਲਾਂ ਈ ਗੱਲਾਂ ਨੇ। ਪੂਰਨ ਆਪਣੀ ਥਾਂ ਨਿੰਮੋਝੂਣਾ ਏ ਤੇ ਲੂਣਾਂ ਆਪਣੀ ਥਾਂ ਵੱਟ ਖਾਂਦੀ ਏ ਪਈ ਇਹ ਛੋਹਰ ਕੇਹੀਆਂ ਕਹਾਣੀਆਂ ਪਾਉਣ ਲੱਗ ਪਿਆ ਏ, ਇਹ ਮੈਨੂੰ ਇਕ ਛੈਲ ਮੁਟਿਆਰ ਕਰਕੇ ਕਿਉਂ ਨਹੀਂ ਵੇਖਦਾ, ਤੇ ਇਹਦੀਆਂ ਅੱਖਾਂ ਵਿਚ ਵਾਸਨਾ ਦਾ ਚਮਕਾਰਾ ਕਿਉਂ ਨਹੀਂ ਉਘੜਦਾ। ਲੂਣਾਂ ਦੀ ਰੀਝ ਦਾ ਜ਼ੋਰ ਤੇ ਅਗੋੜ ਪੂਰਨ ਵਲੋਂ ਉਹਦਾ ਜ਼ਹਿਰ ਕਹਿਰ ਜਿਥੇ ਵੀ ਕਾਦਰਯਾਰ ਹੋਰਾਂ ਵਿਖਾਇਆ ਏ ਓਥੇ ਭੰਨ ਤਰੋੜ ਤੇ ਤਰਥੱਲੀ ਦੇ ਨਕਸ਼ੇ ਜ਼ਰੂਰ ਦਿਸਦੇ ਹਨ:

"ਸੂਰਤ ਨਜ਼ਰ ਆਈ ਰਾਜਾ ਭੁੱਲ ਗਿਆ
ਸਿਰ ਪੈਰ ਤਾਈਂ ਅੱਗ ਭੜਕ ਉਠੀ।
ਦਿਲੋਂ ਪੁੱਤਰ ਨੂੰ ਯਾਰ ਬਣਾਇਉ ਸੂ
ਉਹਦੀ ਸਾਬਤੀ ਦੀ ਵਿਚੋਂ ਲੱਜ ਟੁੱਟੀ।
ਕਾਦਰਯਾਰ ਤ੍ਰੀਮਤ ਹੈਂਸਿਆਰੀ
ਲੱਗੀ ਵੇਖ ਵਗਾਵਣੇ ਨਦੀ ਪੁੱਠੀ।"

ਲੱਜ ਰਾਹੀਂ ਅਸੀਂ ਖੂਹ ਦਿਆਂ ਅਥਾਹ ਹਨ੍ਹੇਰਿਆਂ ਵਿਚੋਂ ਪਾਣੀ ਕੱਢ ਕੇ ਲਿਆਵਨੇ ਆਂ ਤੇ ਏਸ ਪਾਣੀ ਨਾਲ ਹਯਾਤੀ ਨੂੰ ਵੱਤਰ ਲਾਵਨੇ ਆਂ। ਬੰਦੇ ਦੇ ਅੰਦਰੂਨੇ ਦਿਆਂ ਚਾਨਣਾਂ ਤੇ ਹਨੇਰਿਆਂ ਵਿਚਕਾਰ ਵੀ ਇਕ ਲੱਜ ਵਗਦੀ ਏ ਜਿਹੜੀ ਏਥੇ ਅੱਧ ਵਿਚੋਂ ਟੁੱਟ ਗਈ ਏ। ਹੋਸ਼-ਮੱਤ ਦੇ ਚਾਨਣ ਨਾਲੋਂ ਲੂਣਾਂ ਦਾ ਸੰਬੰਧ ਅਚਨਚੇਤ ਈ ਟੁੱਟ ਗਿਆ ਏ ਤੇ ਉਹ ਅਣਮਿੱਟ ਥਰਥੱਲੀ ਦਿਆਂ ਹਨ੍ਹੇਰਿਆਂ ਵਿਚ ਢੈ ਪਈ ਏ। ਏਥੇ ਇਹ ਵੀ ਵੇਖੋ ਪਈ ਲੱਜ ਦਾ ਲਫ਼ਜ਼ ਰੱਸੀ ਲਈ ਵੀ ਆਂਵਦਾ ਏ ਤੇ ਸ਼ਰਮ ਲਈ ਵੀ, ਸਾਬਤੀ ਜ਼ਾਹਰ ਸ਼ੈਵਾਂ ਵਿਚ ਵੀ ਹੋਂਦੀ ਏ ਤੇ ਬੰਦੇ ਦੇ ਅੰਦਰ ਵੀ, ਤੇ 'ਸਾਬਤੀ' ਤੇ 'ਟੁੱਟੀ' ਦੇ ਟਾਕਰੇ ਨਾਲ ਰਮਜ਼ ਦਾ ਰੰਗ ਹੋਰ ਗੂੜ੍ਹਾ ਹੋ ਗਿਆ ਏ। ਅਗਲੀ ਸਤਰ ਵਿਚ ਅਸੀਂ ਖੂਹ ਦੇ ਪਾਣੀ ਤੋਂ ਨਦੀ ਦੇ ਪਾਣੀ ਉਤੇ ਆ ਗਏ ਆਂ। ਜਿਹੜੀ ਲੂਣਾਂ ਨਦੀ ਨੂੰ ਪੁੱਠੇ ਪੈਰੀਂ ਵਗਾਉਣ ਵਾਲੇ ਅਣਹੋਣੇ ਕੰਮ ਉਤੇ ਅੜੀ ਖਲੋਤੀ ਏ ਉਹ ਉਹੋ ਈ ਏ ਜਿਹੜੀ ਚਾਨਣਾਂ ਤੇ ਹਨ੍ਹੇਰਿਆਂ ਵਿਚਕਾਰ ਪਾਣੀ ਨਹੀਂ ਸੀ ਢੋ ਸਕੀ ਤੇ ਅੱਧ-ਵਾਟਿਉਂ ਟੁੱਟ ਕੇ ਖੂਹ ਵਿਚ ਢਹਿ ਪਈ ਸੀ। ਉਹਨੂੰ ਨਦੀਆਂ ਦਾ ਵਹਿਣ ਵੀ ਠੀਕ ਨਹੀਂ ਜਾਪਦਾ। ਉਹਦੇ ਭਾਣੇ ਕੁਦਰਤ ਦੀ ਰਜ਼ਾ ਤਾਂ ਪੂਰੀ ਹੋਂਦੀ ਏ ਜੋ ਇਹ ਵਹਿਣ ਪੁੱਠਾ ਵੱਗੇ। ਕੁਦਰਤ ਦੇ ਵਿਹਾਰ ਬਾਰੇ ਉਹਦੀ ਸੋਚ ਪੂਰਨ ਦੀ ਸੋਚ ਕੋਲੋਂ ਉਕਾ ਅੱਡਰੀ ਏ:

"ਜ਼ੋਇ ਜ਼ਾਹਰਾ ਆਖਦੀ ਸ਼ਰਮ ਕੇਹੀ
ਮਾਈ ਮਾਈ ਨਾ ਰਾਜਿਆ ਆਖ ਮੈਨੂੰ।
ਕੁੱਖੋ ਰੱਖ ਨਾ ਜੰਮਿਉਂ ਜਾਇਉਂ ਵੇ
ਮਾਤਾ ਆਖਣਾਏਂ ਕਿਹੜੇ ਸਾਕ ਮੈਨੂੰ।"

ਲੂਣਾਂ ਦੀਆਂ ਗੱਲਾਂ ਉਤੋਂ ਉਤੋਂ ਬੜੀਆਂ ਠੁਕਰੀਆਂ ਲਗਦੀਆਂ ਨੇ। ਉਹਦੀ ਆਵਾਜ਼ ਦਾ ਏਸ ਸਾਰੇ ਵਿਦਕਰੇ ਵਿਚ ਏਹੋ ਖਾਸ ਰੰਗ ਏਂ। ਪਰ ਨਾਲ ਈ ਉਹਦੇ ਅੰਦਰ ਦਾ ਵੱਟ ਉਹਦੀ ਆਵਾਜ਼ ਵਿਚ ਇਕ ਟਿਚਕਰ ਦਾ ਚੰਘਿਆੜਾ ਵੀ ਧਰੀ ਆਉਂਦਾ ਏ। ਉਹ ਪੂਰਨ ਦੀ ਝੂਠੀ ਬਾਂਧ ਉਤੇ ਖੁਲ੍ਹਦੀ ਏ ਤੇ ਉਹਨੂੰ ਕੁਦਰਤ ਵੱਲੋਂ ਦਿੱਤੀ ਖੁਲ੍ਹ ਦਾ ਰਾਹ ਵਿਖਾਉਂਦੀ ਏ, "ਮਾਂ" ਦੇ ਮਾਅਨੇ ਉਹਨੂੰ ਸਹੀ ਕਰਾਉਂਦੀ ਏ ਤੇ ਨਾਲੇ ਆਪਣੇ ਵਜੂਦ ਵੱਲ ਗੁੱਝੀਆਂ ਸੈਨਤਾਂ ਮਾਰਕੇ ਉਹਦੀ ਵਾਸਨਾ ਜਗਾਉਣਾ ਚਾਹੁੰਦੀ ਏ:

“ਕੁੱਛੜ ਬੈਠ ਮੰਮਾ ਕਦੋਂ ਚੁੰਘਿਆ ਈ
ਐਵੇਂ ਕੂੜ ਦੀ ਮਾਂ ਬਣਾਉਣਾ ਏਂ।”

ਪੂਰਨ ਕੁਦਰਤ ਦੇ ਵਿਹਾਰ ਬਾਰੇ ਆਪਣੀ ਸਮਝ ਲੂਣਾ ਤਾਂਈਂ ਪੁਚਾਵਣ ਲਈ ਉਹਦੇ ਵੰਗਰ ਈ ਠੁਕਵਾਂ ਢੰਗ ਵਰਤਦਾ ਏ ਤੇ ਆਪਣੇ ਪਿਓ ਨਾਲ ਉਹਦੇ ਸਬੰਧ ਦਾ ਖੁਲ੍ਹਾ ਵੇਰਵਾ ਕਰਕੇ ਉਹਨੂੰ ਕੱਚਿਆਂ ਕਰਨ ਤੇ ਉਹਦੀ ਅੱਗ ਨੂੰ ਠੰਢਿਆਂ ਕਰਨ ਦਾ ਚਾਰਾ ਕਰਦਾ ਏ:

“ਜਿਹਦੀ ਇਸਤ੍ਰੀ ਓਹੀ ਹੈ ਬਾਪ ਮੇਰਾ
ਤਿਸ ਦੀ ਤੁਖਮ ਥੀਂ ਜੰਮਿਆ ਜਾਣ ਮਾਏ।”

ਲੂਣਾਂ ਦੀ ਸੋਚ ਉਹਨੂੰ ਜਿਹੜੇ ਰਾਹ ਤੇ ਪਈ ਖੜਦੀ ਏ ਕਾਦਰਯਾਰ ਹੋਰਾਂ ਥਾਉਂ ਉਹਦਾ ਅੰਤ ਚੇਤੇ ਕਰਇਆ ਏ:

“ਮੈਂ ਵੀ ਸੁਰਗ ਪ੍ਰਾਪਤੀ ਥੀਵਨੀ ਹਾਂ
ਪੂਰਨ ਭਗਤ ਜੇ ਆਖਿਆ ਇਕ ਮੰਨੇ।
ਲੱਗੀ ਦੇਣ ਲੰਗਰ ਅਸਮਾਨ ਤਾਈਂ
ਉਹਦੀ ਸਾਬਤੀ ਦੇ ਵਿਚੋਂ ਥੰਮ ਭੰਨੇ।
ਕਾਦਰਯਾਰ ਤ੍ਰੀਮਤ ਹੈਂਸਿਆਰੀ
ਭੰਨਣ ਲੂਣ ਲੱਗੀ ਵਿਚ ਥਾਲ ਛੰਨੇ।”

ਪਹਿਲੀ ਸਤਰ ਵਿਚ ਲੂਣਾਂ ਨਿਰੀ ਪੂਰਨ ਨਾਲ ਟਿਚਕਰ ਈ ਨਹੀਂ ਕੀਤੀ ਓਸ ਆਪਣੇ ਭਾਣੇ ਇਕ ਪੁਰਾਣੇ ਤੇ ਪੱਕੇ ਪੰਥ ਨੂੰ ਭੰਡਿਆ ਏ, ਉਹ ਪੰਥ ਜਿਹੜਾ ਬੰਦੇ ਦੀ ਹਯਾਤੀ ਨੂੰ ਕਰਮਾਂ ਦੀ ਤੱਕੜੀ ਵਿਚ ਤੋਲਦਾ ਏ, ਜਿਹੜਾ ਬੰਦੇ ਦੇ ਕਿਸੇ ਕੰਮ ਨੂੰ ਅਪਣੀ ਥਾਂ ਤੇ ਕੱਲਾ ਤੇ ਪੂਰਾ ਨਹੀਂ ਸਮਝਦਾ, ਹਰ ਕੰਮ ਵਿਚ ਅੱਗੋਂ ਖਿੜਨ ਵਾਲਿਆਂ ਵੰਨ ਸੁਵੰਨਿਆਂ ਸਿੱਟਿਆਂ ਥੀਂ ਵੀ ਵੇਖਦਾ ਏ। ਲੂਣਾਂ ਦਾ ਸੁਰਗ ਏਸ ਪੰਥ ਦੀ ਦੱਸੀ ਕਰਮਾਂ ਦੇ ਭੋਗ ਵਾਲਾ ਸੁਰਗ ਉਹ ਸੁਆਦ ਏ ਜਿਹੜਾ ਦਿਲ ਦੇ ਭਾਣੇ ਕਰਨ ਨਾਲ ਲੱਭਦਾ ਏ। ਏਹੋ ਸੁਆਦ ਅੰਮ੍ਰਿਤ ਏ। ਇਹਦਾ ਕੋਈ ਫਲ ਭੋਗ ਨਹੀਂ। ਇਹਦਾ ਕੋਈ ਅੰਤ ਅਖ਼ੀਰ ਨਹੀਂ। ਇਹ ਉਹ ਰਾਤ ਏ ਜੀਹਦਾ ਘੁੰਡ ਕਿਸੇ ਨਹੀਂ ਚੁੱਕਣਾ। ਪਹਿਲੀ ਸਤਰ ਵਿਚ ਕੀਤੇ ਲੂਣਾਂ ਦੇ ਠੱਠ ਦਾ ਲੇਖਾ ਕਾਦਰਯਾਰ ਹੋਰਾਂ ਦੂਜੀਆਂ ਦੋ ਸਤਰਾਂ ਵਿਚ ਕੀਤਾ ਏ। ਉਹਨਾਂ ਲੂਣਾਂ ਨੂੰ ਇਕ ਅਜਿਹੀ ਦੁਨੀਆਂ ਦੱਸਿਆ ਏ ਜਿਹੜੀ ਆਪਣੇ ਆਪ ਡਿਠਵਾਂ ਵਿਚ ਵੜੀ ਜਾਂਦੀ ਹੈ। ਜਿਹੜੇ ਥੰਮ ਲੂਣਾਂ ਦੇ ਅੰਦਰੋਂ ਭੱਜ ਗਏ ਉਹ ਉਹੋ ਈ ਸਨ ਜਿਨ੍ਹਾਂ ਅਸਮਾਨ ਦੇ ਛੱਤ ਨੂੰ ਥੰਮਿਆ ਹੋਇਆ ਸੀ। ਅਸਮਾਨ ਦੀ ਛੱਤ ਹਯਾਤੀ ਦੇ ਸਿਰ ਦਾ ਕੱਜ ਏ। ਇਹ ਜੀਵਨ ਦੇ ਠੁਕ ਠੇਠ ਦੀ ਰਮਜ਼ ਤੇ ਕੁਦਰਤ ਦੇ ਵਿਹਾਰ ਦਾ ਪਵਿੱਤਰ ਨਿਸ਼ਾਨ ਏ। ਜਦੋਂ ਬੰਦੇ ਦੇ ਅੰਦਰੋਂ ਸਾਬਤੀ ਦੇ ਥੰਮ ਭੁਰ ਜਾਣ ਤੇ ਇਹ ਛੱਤ ਵੀ ਆਪਣੀ ਥਾਂ ਖਲੋਤਾ ਨਹੀਂ ਰਹਿੰਦਾ। ਲੂਣਾਂ ਤੇ ਹੱਥੀਂ ਅਸਮਾਨ ਨੂੰ ਲੰਗਾਰਨ ਲੱਗੀ ਏ। ਫੇਰ ਕਾਦਰਯਾਰ ਹੋਰਾਂ ਲੂਣਾਂ ਨੂੰ ਇਕ ਕੁਚੱਜੀ ਤੇ ਅੱਥਰੀ ਰੰਨ ਦੱਸਿਆ ਏ ਜਿਹੜੀ ਥਾਲ ਵਿਚ ਧਰਕੇ ਲੂਣ ਪਈ ਕੁਟਦੀ ਏ, ਜਿਹੜੀ ਆਪਣੇ ਆਲੇ ਦੁਆਲੇ ਦੀ ਹਰ ਸ਼ੈ ਨੂੰ ਆਪਣੇ ਅੰਦਰਲੇ ਦਿਆਂ ਅੰਨ੍ਹਿਆਂ ਹੱਥਾਂ ਨਾਲ ਮਧੋਲਣਾ ਚਾਹੁੰਦੀ ਏ। ਕਾਦਰਯਾਰ ਦੇ ਸਮੇਂ ਥਾਲ ਛੰਨਿਆਂ ਤੇ ਘਰ ਦਿਆਂ ਹੋਰ ਭਾਂਡਿਆਂ ਨੂੰ ਪਾਕ ਤੇ ਆਦਰਯੋਗ ਚੀਜ਼ਾਂ ਸਮਝ ਕੇ ਉਹਨਾਂ ਦੀ ਸਾਂਭ ਸੰਭਾਲ ਕੀਤੀ ਜਾਂਦੀ ਸੀ। ਇਹ ਭਾਂਡੇ ਘਰਾਂ ਵਿਚ ਪੀੜ੍ਹੀਓ ਪੀੜ੍ਹੀ ਤੁਰੇ ਆਂਵਦੇ ਸਨ ਤੇ ਇਹਨਾਂ ਨੂੰ ਰਹਿਤ ਬਹਿਤ ਦੀ ਸਾਂਝ ਦੀ ਤੇ ਸੁੱਘੜ ਸੁਭਾਅ ਦੀ ਨਿਸ਼ਾਨੀ ਸਮਝਿਆ ਜਾਂਦਾ ਸੀ। ਲੂਣ ਤੇ ਸੁੱਘੜ ਗ੍ਰਿਹਸਤਣਾਂ ਵੀ ਭੰਨਦੀਆਂ ਨੇ ਪਰ ਥਾਲਾਂ ਵਿਚ ਧਰ ਕੇ ਨਹੀਂ। ਕਾਦਰਯਾਰ ਹੋਰਾਂ ਦੇ ਹਿਸਾਬ ਵਿਚ ਥਾਲ ਪੂਰਨ ਏ ਤੇ ਲੂਣ ਦੀ ਪੱਥਰੀ ਲੂਣਾਂ ਦਾ ਸੁਭਾਅ। ਲੂਣਾਂ ਦੀ ਹੱਠ ਤੇ ਉਹਦੀ ਮਨ ਦੀ ਮਰਜ਼ੀ ਆਪਣਾ ਲੂਣ ਕੁਟ ਕੇ ਰਾਜ਼ੀ ਏ। ਥਾਲ ਭੱਜਦਾ ਏ ਤੇ ਭੱਜੇ, ਉਹਨੂੰ ਕੀ। ਕਾਦਰਯਾਰ ਹੋਰਾਂ ਏਸ ਰਮਜ਼ ਵਿਚ ਸਾਰੇ ਝੇੜੇ ਦਾ ਖੁਲਾਸਾ ਕਰ ਛਡਿਆ ਏ। ਲੂਣਾਂ ਦੀ ਧੌਂਸ, ਤਰਲੇ, ਮਸਲੇ, ਮਸਾਲਾਂ ਤੇ ਹੋਰ ਸਾਰੇ ਖੇਖਨ ਏਹੋ ਦੱਸਦੇ ਨੇ ਪਈ ਉਹ ਆਪਣੇ ਕੰਮ ਨੂੰ ਕਰਮ ਨਹੀਂ ਸਮਝ ਸਕਦੀ। ਉਹਦੀ ਮਰਜ਼ੀ ਹਯਾਤੀ ਦੀ ਕਿਤਾਬ ਵਿਚੋਂ ਪਾੜ ਕੇ ਵੱਖ ਕੀਤਾ ਹੋਇਆ ਇਕ ਕਾਗਜ਼ ਏ ਜੀਹਦਾ ਹੋਰ ਮਖਲੂਕ ਦੀ ਕਹਾਣੀ ਨਾਲ, ਲੋਕਾਂ ਦੀ ਹੋਂਦ ਅਣਹੋਂਦ ਨਾਲ ਕੋਈ ਸਬੰਧ ਨਹੀਂ। ਪੂਰਨ ਆਪਣੇ ਆਪ ਨੂੰ ਬਾਕੀ ਮਖਲੂਕ ਕੋਲੋਂ ਪਾੜ ਕੇ ਵੱਖ ਨਹੀਂ ਕਰ ਸਕਦਾ। ਉਹ ਆਪਣੇ ਕਿਸੇ ਕੰਮ ਨੂੰ ਕੱਲਿਆਂ ਕਰਕੇ ਨਹੀਂ ਵੇਖ ਸਕਦਾ। ਉਹ ਕਹਿੰਦਾ ਏ:

“ਗੱਲਾਂ ਏਹੋ ਜਦੋ ਹੋਣਗੀਆਂ
ਪੁੱਠੀ ਹੋਊ ਜ਼ਮੀਨ ਅਸਮਾਨ ਮਾਏ।”

ਇਕ ਥਾਂ ਹੋਰ ਕਹਿੰਦਾ ਏ:
“ਐਨ ਅਰਜ਼ ਕਰਦਾ ਸ਼ਰਮਾ ਰਾਜਾ ਮਾਏ
ਸੁਖਨ ਅਵੱਲੜੇ ਬੋਲ ਨਾਹੀਂ।
ਮਾਂ ਪੁੱਤਰਾਂ ਨੇਹੁੰ ਨਾ ਕਦੇ ਲੱਗਾ
ਜੱਗ ਵਿਚ ਮੁਕਾਲਖਾਂ ਘੋਲ ਨਾਹੀਂ।
ਸੀਨੇ ਨਾਲ ਲਗਾ ਕੇ ਰੱਖ ਮੈਨੂੰ
ਪੁੱਤਰ ਜਾਣ ਮਾਏ ਦਿਲੋਂ ਡੋਲ ਨਾਹੀਂ।”

ਲਫ਼ਜ਼ "ਮਾਂ" ਦਿਆਂ ਮਾਅਨਿਆ ਬਾਰੇ ਇਹ ਵਿਦਕਰਾ ਮੁਕਾਇਆਂ ਨਹੀਂ ਸੀ ਮੁਕਦਾ। ਅੰਤ ਜਦ ਹੱਥ ਛੱਟ ਲੂਣਾਂ ਪੂਰਨ ਨੂੰ ਮਰਜ਼ੀ ਮੁਜਬ ਹੱਕ ਨਾ ਸਕੀ ਤੇ ਉਹਨੇ ਖਿਝ ਕੇ ਆਪਣੀ ਹਾਰ ਦੇ ਏਸ ਸੱਜ ਪੁੰਗਰੇ ਨਿਸ਼ਾਨ ਨੂੰ ਜੜੋਂ ਪੁੱਟ ਗਵਾਉਣ ਦਾ ਮਤਾ ਪਕਾਇਆ:

"ਕਾਫ ਕਹਿਰ ਕਮਾ ਨਾ ਪੂਰਨਾ ਵੇ
ਆਖੇ ਲੱਗ ਜਾ ਭਲਾ ਜੋ ਚਾਹੁੰਨਾ ਏ।
ਕਾਦਰਯਾਰ ਨਾ ਸੰਗਦੀ ਕਹੇ ਲੂਣਾਂ
ਕਿਉਂ ਗਰਦਨੀਂ ਖੂਨ ਰਖਾਉਨਾ ਏਂ।"

ਨਾਲੇ :

"ਕਾਦਰਯਾਰ ਨਾ ਸੰਗਦੀ ਕਹੇ ਲੂਣਾਂ
ਤੇਰੇ ਲਹੂ ਦਾ ਪੂਰਨਾ ਘੁੱਟ ਭਰਸਾਂ।"

ਲੂਣਾਂ ਦੀ ਤਰੀਹ ਅਸਲੋਂ ਏਹੋ ਈ ਏ। ਉਹ ਪਹਿਲੋਂ ਵੀ ਪੂਰਨ ਦੇ ਲਹੂ ਦ ਘੁੱਟ ਈ ਭਰਨਾ ਚਾਹੁੰਦੀ ਸੀ। ਤਰੀਕਾ ਫਰਕ ਸੀ। ਪਹਿਲਾਂ ਜਿਹੜੇ ਰਾਹੋਂ ਉਹ ਆਵਣਾ ਚਾਹੁੰਦੀ ਸੀ ਓਧਰੋਂ ਪੂਰਨ ਦਾ ਧਰਮ ਉਹਨੂੰ ਡੱਕ ਖਲੋਤਾ। ਹੁਣ ਜਿਹੜੇ ਰਾਹੋਂ ਉਹਨੇ ਆਵਣਾ ਏ ਓਥੇ ਪੂਰਨ ਦੀ ਕੋਈ ਵਾਹ ਨਹੀਂ।
ਲਫ਼ਜ਼ "ਮਾਂ" ਦੀ ਲੂਣਾਂ ਦੇ ਮਹਿਲ ਵਿਚ ਜਿਹੜੀ ਬਾਬ ਹੋਈ ਏ ਓਸ ਤੋਂ ਮਗਰੋਂ ਇਹ ਲਫ਼ਜ਼ ਜਦੋਂ ਵੀ ਲੂਣਾਂ ਦੇ ਨਾਲ ਆਂਵਦਾ ਏ, ਸੱਟ ਗੁੱਝੀ ਨਹੀਂ ਰਹਿੰਦੀ। ਵੇਖੋ ਪੂਰਨ ਨੂੰ ਕਿਵੇਂ ਦਿਨ ਚੜ੍ਹਦੇ ਸਰਕਾਰੋਂ ਸੱਦਾ ਆਂਵਦਾ ਏ:

"ਯੇ ਯਾਦ ਕੀਤਾ ਰਾਜੇ ਬਾਪ ਤੈਨੂੰ
ਹੱਥ ਬੰਨ੍ਹ ਕੇ ਆਖਿਆ ਚੋਬਦਾਰਾਂ।
ਸੁਣੀ ਗੱਲ ਤੇ ਦਿਲ ਨੂੰ ਸੁਝ ਗਈ ਸੂ
ਜਿਹੜੀ ਗਾਉਂਦੀ ਸੀ ਕਲ੍ਹ ਮਾਂ ਵਾਰਾਂ।"

ਹੋਰ ਵੇਖੋ ਜਦੋਂ ਜੱਲਾਦ ਪੂਰਨ ਨੂੰ ਉਜਾੜ ਵੱਲ ਲਈ ਜਾਂਵਦੇ ਨੇ ਤੇ ਪੂਰਨ ਨੂੰ ਲੂਣਾਂ ਦਾ ਸੁਨੇਹਾ ਆਉਂਦਾ ਏ ਪਈ ਅਜੇ ਵੀ ਮੰਨ ਜਾ, ਮੈਂ ਸਿਰ ਤੇ ਆਈ ਮੌਤ ਨੂੰ ਮੋੜ ਸਕਨੀ ਆਂ। ਓਸੇ ਸੁਨੇਹੇ ਵਿਚ ਆਖਦੀ ਏ:

"ਪੁੱਤਰ ਬਣਨ ਲੱਗੋਂ ਵੇਖ ਪੂਰਨਾ ਵੇ
ਵੇਖ ਕੇਹੀ ਮੈਂ ਦਿਤੀਆਂ ਮਾਉ ਲੋਰੀ।"

ਪੂਰਨ ਦਾ ਉਜਾੜਾ ਕਰਨ ਵਿਚ ਤੇ ਸਲਵਾਨ ਤੇ ਲੂਣਾਂ ਦੋਹਾਂ ਦੀ "ਮੈਂ" ਇਕ ਹੋ ਕੇ ਕੰਮ ਕਰਦੀ ਏ। ਪਰ ਵਿਚੋਂ ਇਹਨਾਂ ਦੀ "ਮੈਂ" ਦੇ ਸੁਭਾਅ ਅੱਡੋ ਅੱਡ ਹਨ। ਪੂਰਨ ਦੇ ਰਮਜ਼ ਰੂਪ ਨੂੰ ਸਿਆਣਨ ਲਈ "ਮੈਂ" ਦਿਆਂ ਇਹਨਾਂ ਅੱਡੋ ਅੱਡ ਸੁਭਾਵਾਂ ਦਾ ਵੇਰਵਾ ਜ਼ਰੂਰੀ ਜੇ। ਲੂਣਾਂ ਨੂੰ ਆਪਣੇ ਔਗੁਣ ਦੀ ਡਾਢੀ ਸਿਆਣ ਏ। ਉਹ ਆਪਣੇ ਵਿਚਲੇ ਦੀ ਆਪ ਭੇਤਣ ਏ। ਉਹਨੂੰ ਪਤਾ ਏ ਪਈ ਏਸ ਔਗੁਣ ਦੇ ਕੀ ਕੀ ਰੱਛ ਹਨ ਤੇ ਉਹਨਾਂ ਦੀ ਮਾਰ ਕਿੰਨੀ ਕੁ ਏ। ਸਲਵਾਨ ਦਾ ਲੇਖਾ ਹੋਰ ਏ। ਉਹਨੂੰ ਆਪਣੀ ਬੇਸਮਝੀ ਦੀ ਮਾਰ ਵਗੀ ਹੋਈ ਏ। ਉਹਨੂੰ ਕੋਈ ਉਘ ਸੁੱਘ ਨਹੀਂ ਪਈ ਉਹ ਕਿਹੜਿਆਂ ਔਗੁਣਾਂ ਦੇ ਹੱਥ ਖਿਡਾਉਣਾ ਬਣਿਆ ਹੋਇਆ ਏ। ਲੂਣਾਂ ਤੇ ਜ਼ਾਹਰਾ ਬੋਲ ਕੇ ਪਈ ਦੱਸਦੀ ਏ ਪਈ ਧਰਮ ਵਿਹਾਰ ਸੱਭੋ ਕੂੜ ਹਨ। ਸੱਚੀ ਬੱਸ ਇਕੋ ਕਾਮ ਲਹਿਰ ਜੇ ਜਿਹੜੀ ਪਲੋ ਪਲੀ ਜੰਮਦੀਆਂ ਰੀਝਾਂ ਨੂੰ ਕੁੱਛੜ ਖਿਡਾਉਂਦੀ ਏ। ਉਹਦੇ ਭਾਣੇ ਕਾਮ ਦਾ ਸਵਾਦ ਆਪਣੀ ਥਾਂ ਹੋਂਦਾ ਏ ਤੇ ਸੂਰਤ ਸਿਆਣਪ ਆਪਣੀ ਥਾਂ। ਇਹ ਸਵਾਦ ਜਦੋਂ ਜੀਅ ਕਰੇ ਜਿਥੇ ਜੀਅ ਕਰੇ ਮਾਣਿਆਂ ਜਾ ਸਕਦਾ ਏ ਤੇ ਇਹਦੇ ਲਈ ਦੋਹਾਂ ਧਿਰਾਂ ਵਿਚ ਮਨ ਮੇਲ ਦੀ ਕੋਈ ਲੋੜ ਨਹੀਂ ਹੋਂਦੀ। ਉਹ ਆਪਣੀ ਮਰਜ਼ੀ ਦੀ ਮਾਲਕ ਬਣ ਕੇ ਸਾਰੇ ਜੋੜ ਸਬੰਧ ਇਕ ਪਾਸੇ ਕਰਕੇ ਕੱਲਮ ਕੱਲੀ ਆਪਣੇ ਚੁਬਾਰੇ ਚੜ੍ਹੀ ਬੈਠੀ ਏ। ਤੇ ਪੌੜੀਆਂ ਚੜ੍ਹ ਕੇ ਅਉਂਦਿਆਂ ਨੂੰ ਆਪਣੇ ਖੇਡਣ ਲਈ ਖਿਡਾਉਣਾ ਸਮਝਦੀ ਏ। ਸਲਵਾਨ ਆਪਣੇ ਆਪ ਨੂੰ ਧਰਮ ਦਾ ਰਾਖਾ ਤੇ ਸਾਕ ਸੰਬੰਧ ਦੀਆਂ ਪੁਰਾਣੀਆਂ ਰੀਤਾਂ ਦਾ ਪਾਲਣਹਾਰ ਸਮਝਦਾ ਏ। ਜਿਹੜਾ ਔਗੁਣਾਂ ਅਸਾਂ ਲੂਣਾਂ ਵਿਚ ਡਿੱਠਾ ਏ ਉਹਨੂੰ ਉਹ ਪੂਰਨ ਵਿਚ ਦੱਸਦਾ ਏ। ਉਹ ਸਮਝਦਾ ਏ ਪਈ ਪੂਰਨ ਨੂੰ ਸਜ਼ਾ ਦੇ ਕੇ ਉਹਨੇ ਬਾਹ੍ਰੀਂ ਵਰ੍ਹੀਂ ਭੋਰਿਉਂ ਛੁੱਟੇ ਏਸ ਪਸ਼ੂ ਕੋਲੋਂ ਸੱਚਿਆਂ ਸੰਬੰਧਾਂ ਦੀ ਪਤ ਬਚਾ ਲਈ ਏ। ਜਦੋਂ ਇੱਛਰਾਂ ਉਹਦੇ ਅੱਗੇ ਆਣ ਕੇ ਵਸਤਾ ਪਾਉਂਦੀ ਏ ਤੇ ਉਹ ਆਖਦਾ ਏ ਆਪਣੇ ਪੁੱਤਰ ਦੇ ਲੱਛਣ ਤੇ ਵੇਖ:

"ਤਦ ਵਸਦਾ ਜੇ ਤੁਸੀਂ ਵਰੋ ਇਹਨੂੰ।"

ਉਤੋਂ ਵੇਖੋ ਤੇ ਏਸ ਅੱਧਵਾੜ ਵਿਚ ਰਾਜੇ ਏਹੋ ਆਖਿਆ ਏ ਪਈ ਬੀਬੀ! ਕਿਹੜੇ ਪਸ਼ੂ ਦੀਆਂ ਸਫਾਈਆਂ ਪਈ ਕਰਨੀ ਏ, ਜਾਣਦੀ ਨਹੀਉਂ ਉਹਨੇ ਕਿੱਡਾ ਲੋਹੜਾ ਮਾਰਿਆ ਏ। ਲੂਣਾਂ ਹੋਈ ਜਾਂ ਤੂੰ ਹੋਈਉਂ, ਇਕੋ ਗੱਲ ਏ। ਪਰ ਇਹਨਾਂ ਬੋਲਾਂ ਵਿਚ ਜਿਹੜੀ ਸੱਟ ਆਪ ਸਲਵਾਨ ਉਤੇ ਹੋ ਗਈ ਏ ਉਹਦਾ ਉਹਨੂੰ ਕੋਈ ਪਤਾ ਨਹੀਂ। ਪੂਰਨ ਜਿਉਂ ਵਸ ਸਕਦਾ ਏ ਜੇ ਉਹ ਮਾਂ ਲੂਣਾਂ ਦਾ ਵਰ ਬਣਕੇ ਰਹਿਣਾ ਕਬੂਲ ਲਵੇ। ਸਲਵਾਨ ਨੂੰ ਇਹ ਵੀ ਕੋਈ ਸੂਰਤ ਨਹੀਂ ਪਈ ਜਿਹੜਾ ਉਹਨੇ 'ਤੁਸੀ" ਵਾਲੇ ਲਫ਼ਜ਼ ਨਾਲ ਇੱਛਰਾਂ ਤੇ ਲੂਣਾਂ ਨੂੰ ਇਕੋ ਤੋਲ ਤੋਲਿਆ ਏ ਇਹ ਕਿੱਡਾ ਵੱਡਾ ਧਰੋਹ ਏ। ਸਲਵਾਨ ਵਿਚ ਘਾਟਾ ਇਹੋ ਏ ਪਈ ਉਹ ਲੋਕਾਂ ਦਿਆਂ ਮੁਹਾਂਦਰਿਆਂ, ਉਹਨਾਂ ਦੀਆਂ ਗਲਾਂ ਤੇ ਉਹਨਾਂ ਦਿਆਂ

ਕਾਰਿਆਂ ਦੇ ਉਤਲੇ ਰੂਪ ਹੱਥੋਂ ਠਗਿਆ ਜਾਂਦਾ ਹੈ। ਉਹ ਕੰਨਾਂ ਦਾ ਕੱਚਾ ਤੇ ਹੂੜ ਮੱਤ ਦਾ ਪੱਕਾ ਏ। ਕਾਦਰਯਾਰ ਏਸੇ ਕਰਕੇ ਉਹਨੂੰ ਅੰਨ੍ਹਾ ਆਖਿਆ ਸੀ:

"ਕਾਦਰਯਾਰ ਫੇਰ ਹੋਈ ਬੇਦਾਦ ਨਗਰੀ
ਅੰਨ੍ਹੇ ਰਾਜੇ ਦੇ ਪੂਰਨ ਵੱਸ ਪਿਆ।"

ਕਾਦਰਯਾਰ ਹੋਰਾਂ ਸਾਨੂੰ ਇਹ ਵੀ ਸੁਝਾਈ ਏ ਪਈ ਸਲਵਾਨ ਨੂੰ ਆਪਣੀ ਬੁੱਕਲ ਦਿਆਂ ਨਿਕਿਆਂ ਨਿਕਿਆਂ ਚੋਰਾਂ ਦਾ ਖੜਾਕ ਵੀ ਨਹੀਂ ਆਉਂਦਾ। ਉਹਨੂੰ ਇਹ ਨਹੀਂ ਖੁੜਕੀ ਪਈ ਉਹਨੇ ਪੂਰਨ ਨੂੰ ਮਾਰ ਕੇ ਧਰਮ ਦੇ ਪਾਲਣ ਦੇ ਨਾਲ ਨਾਲ ਲੂਣਾਂ ਨੂੰ ਖੁਸ਼ ਰੱਖਣ ਦਾ ਤਰਲਾ ਵੀ ਮਾਰਿਆ ਏ। ਲੂਣਾਂ ਨੂੰ ਸਲਵਾਨ ਦੀ ਏਸ ਰਗ ਦਾ ਚੰਗਾ ਪਤਾ ਏ ਤੇ ਉਹ ਡਾਢੇ ਚੱਜ ਨਾਲ ਏਸ ਰਗ ਉਤੇ ਹੱਥ ਧਰਦੀ ਏ:

"ਜਾ ਪੁਛ ਖਾਂ ਪੁੱਤਰ ਆਪਣੇ ਨੂੰ
ਜਿਹੜਾ ਭੋਹਰੇ ਕੋਇਤਲ ਪਲਿਉ ਈ।
ਉਹਨੂੰ ਰੱਖ ਤੇ ਦੇ ਜਵਾਬ ਸਾਨੂੰ
ਸਾਡਾ ਸ਼ੌਕ ਜੇ ਤਾਂ ਦਿਲੋਂ ਟਾਲਿਉ ਈ।"

ਸਲਵਾਨ ਜੇਹਾ ਕੁਲ ਮੁਖਤਾਰ ਹਾਕਮ ਜੇ ਆਪਣੇ ਆਪ ਤੋਂ ਏਡਾ ਬੇਖਬਰ ਹੋਵੇ ਤੇ ਜ਼ਾਹਰ ਬਾਤਨ ਮੂਲੋਂ ਨਿਖੇੜ ਈ ਨਾ ਸਕਦਾ ਹੋਵੇ ਤੇ ਉਤੋਂ ਏਡਾ ਆਪ ਮੁਹਾਰਾ ਹੋਵੇ ਪਈ ਉਹਨੂੰ ਨਾ ਖਲਕਤ ਦੀਆਂ ਦੁਹਾਈਆਂ ਮੋਹਣ ਤੇ ਨਾ ਸਿਆਣਿਆਂ ਦੀ ਮੱਤ, ਤੇ ਉਹ ਆਪ ਹੀ ਦੁੱਖ ਦੇ ਵਹਿਣ ਡੁੱਬਦਾ ਏ ਤੇ ਰਾਜ ਕਾਜ ਨੂੰ ਵੀ ਨਾਲੇ ਈ ਰੋੜਦਾ ਏ।
ਇਛੱਰਾਂ ਰਾਜੇ ਨੂੰ ਸਾਵਧਾਨ ਕਰਨ ਦਾ ਜਤਨ ਕਰਦੀ ਏ ਤੇ ਉਹਦੀ ਬੇਖਬਰੀ ਦੀ ਤਸਵੀਰ ਉਹਨੂੰ ਵਿਖਾਉਂਦੀ ਏ:

"ਸੀਨ ਸਮਝ ਰਾਜਾ ਬੁੱਧੀ ਹਾਰ ਨਾਹੀਂ
ਕਹਿੰਦੀ ਇਛੱਰਾਂ ਵਾਸਤਾ ਪਾ ਕੇ ਜੀ।
ਅੰਬ ਵੱਢ ਕੇ ਅੱਕ ਨੂੰ ਵਾੜ ਦੇਵੇਂ
ਪਛੋਤਾਵੇਂਗਾ ਵਕਤ ਵਿਹਾਕੇ ਜੀ।
ਬੂਟਾ ਆਪਣਾ ਆਪ ਪਟਾਣ ਲਗੋਂ
ਜੜ੍ਹਾਂ ਮੁਢ ਤਾਈਂ ਉਕਰਾ ਕੇ ਜੀ।
ਕਾਦਰਯਾਰ ਜੇ ਪੂਰਨ ਨੂੰ ਮਾਰਿਉ ਈ
ਬਾਪ ਕੌਣ ਬੁਲਾਵੇਗਾ ਆਕੇ ਜੀ।"

(ਚਲਦਾ)